ਦਫਤਰ ਡਾਇਰੈਕਟਰ ਸਿੱਖਿਆ ਵਿਭਾਗ, (ਸੈ.ਸਿ.) ਪੰਜਾਬ ਐਸ.ਏ.ਐਸ ਨਗਰ।

ਵੱਲ

1) ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ./ਐ.ਸਿ) ਪੰਜਾਬ

2) ਸਮੂਹ ਪ੍ਰਿੰਸੀਪਲ / ਹੈਡਮਾਸਟਰ ਪੰਜਾਬ ਰਾਜ

3) ਸਮੂਰ ਬਲਾਕ ਪ੍ਰਾਇਮਰੀ ਸਿੱਖਿਆ ਪੰਜਾਬ ਰਾਜ

ਮੀਮੋ ਨੰ DPISE-EST2/5/2020-ESTABLISHMENT-2-DPISE/2020283256

ਮਿਤੀ :- 10.11.2020

ਵਿਸ਼ਾ ਨਵ-ਨਿਯੁਕਤ ਕਰਮਚਾਰੀਆਂ ਦੇ ਏ.ਸੀ.ਪੀ. ਸਕੀਮ ਤਹਿਤ ਲਾਭ ਦੇਣ ਸਬੰਧੀ।

1.0 ਸਿੱਖਿਆ ਵਿਭਾਗ ਦੇ ਵੱਖ-ਵੱਖ ਦਫਤਰਾਂ / ਜੱਥੇਬੰਦੀਆਂ ਵੱਲੋਂ ਨਵ-ਨਿਯੁਕਤ ਕਰਮਚਾਰੀਆਂ ਦੇ ਪਰਖ ਕਾਲ ਸਮੇਂ ਨੂੰ ਏ.ਸੀ.ਪੀ. ਸਕੀਮ ਤਹਿਤ ਲਾਭ ਦੇਣ ਲਈ ਗਿਣਨ ਬਾਬਤ ਪੱਤਰ ਪ੍ਰਾਪਤ ਹੋ ਰਹੇ ਹਨ। ਇਸ ਸਬੰਧੀ ਸਪਸ਼ਟ ਕੀਤਾ ਜਾਂਦਾ ਹੈ ਕਿ ਵਿੱਤ ਵਿਭਾਗ ਪੰਜਾਬ ਵੱਲੋ ਜਾਰੀ ਨੋਟੀਫਿਕੇਸ਼ਨ ਨੰ. 7/304/2012-4FP1/60 ਮਿਤੀ 15.01.2015 ਅਤੇ ਪੱਤਰ ਨੰ. 7/304/2012-4FP1/66 ਮਿਤੀ 15.01.2015 ਅਨੁਸਾਰ ਪਰਖ ਕਾਲ ਸਮੇਂ ਦੌਰਾਨ ਕਰਮਚਾਰੀ ਨੂੰ ਕੇਵਲ ਪੇ ਬੈਂਡ ਦੀ ਮੁਢਲੀ ਸਟੇਜ ਦੇ ਬਰਾਬਰ ਯਕਮੁਸ਼ਤ ਤਨਖਾਹ ਦਿਤੀ ਜਾਵੇਗੀ। ਪਰਖਕਾਲ ਸਮੇਂ ਸਲਾਨਾ ਤਰੱਕੀ ਨਹੀਂ ਮਿਲਣੀ। ਪੰਜਾਬ ਵਿੱਤੀ ਨਿਯਮਾਂਵਲੀ ਜਿਲਦ-1 ਦੇ ਨਿਯਮ 4.1 (1) ਦੀ ਪ੍ਰੋਵੀਜੋ-2 ਅਨੁਸਾਰ ਪਰਖ ਕਾਲ ਸਮੇਂ ਬੱਝਵੀਂ ਤਨਖਾਹ ਲੈ ਰਹੇ ਕਰਮਚਾਰੀਆਂ ਦਾ ਕੰਨਫਰਮ ਹੋਣ ਤੇ ਵੀ ਪਰਖ ਕਾਲ ਸਮਾਂ ਨਿਯਮਤ ਸਕੇਲ ਵਿੱਚ ਕੀਤੀ ਸੇਵਾ ਨਹੀ ਗਿਣਿਆ ਜਾਵੇਗਾ। ਇਨ੍ਹਾਂ ਨਿਯਮਾਂ ਦੇ ਨਿਯਮ 4.8 ਦੀ ਸਰਤ (b) ਅਨੁਸਾਰ ਏ ਸੀ ਪੀ ਦਾ ਲਾਭ ਦੇਣ ਲਈ ਕੇਵਲ ਉਹੀ ਸੇਵਾ ਗਿਣਨਯੋਗ ਹੈ ਜੋ ਸਲਾਨਾ ਤਰੱਕੀ ਲਈ ਗਿਣੀ ਜਾਂਦੀ ਹੈ। ਇਸ ਲਈ ਪਰਖ ਕਾਲ ਸਮੇਂ ਦੋਰਾਨ ਕੀਤੀ ਗਈ ਸੇਵਾ ਨੂੰ ਏ ਸੀ ਪੀ ਦੇਣ ਲਈ ਗਿਣਿਆ ਨਹੀ ਜਾ ਸਕਦਾ।

2.0 ਪਰਖ ਕਾਲ ਸਮਾਂ ਸਫਲਤਾ ਪੂਰਵਕ ਮੁਕੰਮਲ ਹੋਣ ਦੀ ਮਿਤੀ ਤੋਂ 4-9-14 ਸਾਲਾਂ ਦੀ ਗਣਨਾ ਕਰਕੇ ਏ.ਸੀ.ਪੀ ਦਾ ਲਾਭ ਦਿੱਤਾ ਜਾਵੇ।

ਸਹਾਇਕ ਡਾਇਰੈਕਟਰ (ਸ.ਪ੍ਰ.2)

ਪਿੱਠ ਅੰਕਣ DPISE-EST2/5/2020-ESTABLISHMENT-2-DPISE/2020283256 ਮਿਤੀ- 10.11.2020

1) ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ।

2) ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ.) ਪੰਜਾਬ।

3) ਡਾਇਰੈਕਟਰ (ਐਸ.ਸੀ.ਈ.ਆਰ.ਟੀ) ਪੰਜਾਬ।

ਸਹਾਇਕ ਡਾਇਰੈਕਟਰ (ਸ.ਪ੍ਰ.2)